

# ਮਾਪਿਆਂ ਲਈ ਸਲਾਹ

ਵਿਦਿਆਰਥੀ ਦੀ ਸਿਖਲਾਈ 'ਚ ਸਹਾਇਤਾ ਕਰਨ 'ਚ ਮਾਪੇ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਅਧਿਐਨ ਲਗਾਤਾਰ ਇਹ ਵਿਖਾਉਂਦੇ ਹਨ ਕਿ ਜੇਕਰ ਵਿਦਿਆਰਥੀਆਂ ਦੀ ਸਿੱਖਿਆ 'ਚ ਮਾਪੇ ਸ਼ਾਮਲ ਹੁੰਦੇ ਹਨ ਤਾਂ ਉਹ ਸਕੂਲ 'ਚ ਬਿਹਤਰ ਪਰਦਰਸ਼ਨ ਕਰਦੇ ਹਨ। ਸਕੂਲ 'ਚ ਤੁਹਾਡੇ ਬੱਚੇ ਦੀ ਮਦਦ ਅਤੇ ਸਹਾਇਤਾ ਕਰਨ ਲਈ ਤੁਹਾਨੂੰ ਅੰਗਰੇਜ਼ੀ 'ਚ ਮਾਹਰ ਹੋਣ ਦੀ ਲੋੜ ਨਹੀਂ ਹੈ।

## ਅੰਗਰੇਜ਼ੀ ਸਿੱਖਣ 'ਚ ਮੇਰੇ ਬੱਚੇ ਦੀ ਮਦਦ ਕਰਨਾ

ਮਾਪਿਆਂ ਦੇ ਤੌਰ 'ਤੇ, ਹੇਠਾਂ ਦਿੱਤੀਆਂ ਗਈਆਂ ਗੱਲਾਂ ਰਾਹੀਂ ਅੰਗਰੇਜ਼ੀ ਸਿੱਖਣ ਲਈ ਤੁਹਾਡੇ ਬੱਚੇ ਦੀ ਸਹਾਇਤਾ ਕਰਨ ਲਈ ਤੁਹਾਨੂੰ ਪੁਰਜ਼ੋਰ ਢੰਗ ਨਾਲ ਉਤਸ਼ਾਹਿਤ ਕੀਤਾ ਜਾਂਦਾ ਹੈ:

- ਨੇਮੀ ਤੌਰ 'ਤੇ ਮਾਂ ਬੋਲੀ ਅਤੇ/ਜਾਂ ਅੰਗਰੇਜ਼ੀ 'ਚ ਤੁਹਾਡੇ ਬੱਚੇ ਨੂੰ ਕੁਝ ਪੜ੍ਹ ਕੇ ਸੁਣਾਉਣਾ
- ਤੁਹਾਡੀ ਮਾਂ ਬੋਲੀ ਨੂੰ ਵਿਕਸਿਤ ਕਰਨ ਅਤੇ ਉਸਦੀ ਸਕ੍ਰਿਆ ਵਰਤੋਂ ਨੂੰ ਕਾਇਮ ਰੱਖਣ ਲਈ ਤੁਹਾਡੇ ਬੱਚੇ ਦੀ ਹੱਲਾ-ਸ਼ੇਰੀ ਕਰਨਾ
- ਆਸਟ੍ਰੇਲੀਆਈ ਪਾਠਕ੍ਰਮ ਅਤੇ ਇਸ ਬਾਰੇ ਜਾਣੂ ਹੋਣਾ ਕਿ ਤੁਹਾਡੇ ਬੱਚੇ ਤੋਂ ਸਕੂਲ 'ਚ ਕੀ ਸਿੱਖਣ ਦੀ ਉਮੀਦ ਕੀਤੀ ਜਾਂਦੀ ਹੈ
- ਤੁਹਾਡੇ ਬੱਚੇ ਨੂੰ ਉਸਦੇ ਸਕੂਲ ਦੇ ਤਜਰਬਿਆਂ ਬਾਰੇ ਗੱਲ ਕਰਨ 'ਚ ਸ਼ਾਮਲ ਕਰਨਾ
- ਕਦੇ ਵੀ ਸਿਖਲਾਈ ਕਾਰਜਕ੍ਰਮ ਜਾਂ ਤੁਹਾਡੇ ਬੱਚੇ ਦੀ ਪ੍ਰਗਤੀ ਬਾਰੇ ਤੁਹਾਡੇ ਕੋਈ ਸਵਾਲ ਜਾਂ ਚਿੰਤਾਂਵਾਂ ਹੋਣ 'ਤੇ ਤੁਹਾਡੇ ਬੱਚੇ ਦੇ ਸਿੱਖਿਅਕ ਜਾਂ ਢੁਕਵੇਂ ਸਟਾਫ਼ ਨਾਲ ਗੱਲ ਕਰਨਾ
- ਮਾਪੇ-ਸਿੱਖਿਅਕ ਇੰਟਰਵਿਊਜ਼ 'ਚ ਹਿੱਸਾ ਲੈਣਾ।

ਤੁਹਾਡੇ ਬੱਚੇ ਦੇ ਸਕੂਲ ਦਾ ਦੌਰਾ ਕਰਦੇ ਸਮੇਂ, ਤੁਹਾਡੇ ਸਕੂਲ ਦੇ ਫ੍ਰੰਟ ਆਫ਼ਿਸ ਨਾਲ ਸੰਪਰਕ ਕਰ ਕੇ ਸਿੱਖਿਅਕਾਂ ਨਾਲ ਗੱਲ ਕਰਨ ਲਈ ਤੁਸੀਂ ਅਪੌਇੰਟਮੈਂਟ ਲੈ ਸਕਦੇ ਹੋ। ਜੇਕਰ ਅੰਗਰੇਜ਼ੀ ਤੁਹਾਡੀ ਪਹਿਲੀ ਭਾਸ਼ਾ ਨਹੀਂ ਹੈ ਅਤੇ ਤੁਸੀਂ ਆਪਣੀ ਮਾਂ ਬੋਲੀ 'ਚ ਗੱਲ ਕਰਨ 'ਚ ਜ਼ਿਆਦਾ ਸੌਖਾ ਮਹਿਸੂਸ ਕਰਦੇ ਹੋ, ਤਾਂ ਤੁਸੀਂ ਪਰਵਾਰ ਦੇ ਕਿਸੇ ਸਦੱਸ ਜਾਂ ਮਿੱਤਰ ਨੂੰ ਤੁਹਾਡੇ ਨਾਲ ਸਕੂਲ 'ਚ ਆਉਣ ਅਤੇ ਸਕੂਲ ਦੇ ਸਟਾਫ਼ ਨਾਲ ਗੱਲਬਾਤ ਕਰਨ 'ਚ ਤੁਹਾਡੀ ਮਦਦ ਕਰਨ ਲਈ ਕਹਿ ਸਕਦੇ ਹੋ। ਵਿਕਲਪਕ ਤੌਰ 'ਤੇ, ਅਨੁਵਾਦ ਅਤੇ ਦੁਭਾਸ਼ੀਆ ਸੇਵਾ ਰਾਹੀਂ ਤੁਸੀਂ ਸਕੂਲ ਨੂੰ ਦੁਭਾਸ਼ੀਏ ਦਾ ਇੰਤਜ਼ਾਮ ਕਰਨ ਲਈ ਕਹਿ ਸਕਦੇ ਹੋ। ਇਹ ਸੇਵਾ ਮੁਫ਼ਤ ਮੁਹੱਈਆ ਕੀਤੀ ਜਾਂਦੀ ਹੈ।

## ਤੁਹਾਡੀ ਆਪਣੀ ਭਾਸ਼ਾ ਦੀ ਵਰਤੋਂ ਕਰਨਾ

ਮਾਤਾ/ਪਿਤਾ ਦੇ ਤੌਰ 'ਤੇ, ਤੁਹਾਡੇ ਲਈ ਆਪਣੇ ਘਰ 'ਚ ਤੁਹਾਡੇ ਪਰਵਾਰ ਦੀ ਮਾਂ ਬੋਲੀ ਦੀ ਵਰਤੋਂ ਕਰਦੇ ਰਹਿਣਾ ਜ਼ਰੂਰੀ ਹੈ।

ਤੁਹਾਡੇ ਬੱਚੇ ਦੀ ਪਹਿਲੀ ਭਾਸ਼ਾ ਜਾਂ ਬੋਲੀ ਦਾ ਉਸਦੀ ਪਛਾਣ ਨਾਲ ਗਹਿਰਾ ਸਬੰਧ ਹੈ। ਤੁਹਾਡੇ ਬੱਚੇ ਦੀ ਪਹਿਲੀ ਭਾਸ਼ਾ ਦੇ ਲਗਾਤਾਰ ਵਿਕਾਸ ਨੂੰ ਉਤਸ਼ਾਹਤ ਕਰਨਾ ਸਿਖਲਾਈ ਦੇ ਨਵੇਂ ਮਾਹੌਲ 'ਚ ਉਸਦੇ ਜਾਣ 'ਤੇ ਹੋਣ ਵਾਲੀ ਸਮਾਜਕ ਅਤੇ ਜਜ਼ਬਾਤੀ ਤਬਦੀਲੀ ਨੂੰ ਸੌਖਾ ਬਣਾਉਂਦਾ ਹੈ।

ਤੁਹਾਡੇ ਬੱਚੇ ਦੀ ਪਹਿਲੀ ਭਾਸ਼ਾ ਦੀ ਵਰਤੋਂ ਨੂੰ ਜਾਰੀ ਰੱਖਣ ਨਾਲ ਉਹ ਉਮਰ ਦੇ ਮੁਤਾਬਕ ਦੁਨੀਆ ਦਾ ਗਿਆਨ ਅਤੇ ਸ਼ਬਦਾਵਲੀ ਵਿਕਸਿਤ ਕਰ ਸਕਦਾ ਹੈ, ਓਦੋਂ ਤਕ ਇੰਤਜ਼ਾਰ ਕੀਤੇ ਬਿਨਾਂ ਜਦੋਂ ਇਨ੍ਹਾਂ ਵਿਸ਼ੇਆਂ 'ਚ ਹਿੱਸਾ ਲੈਣ ਲਈ ਉਹ ਪਰਯਾਪਤ ਅੰਗਰੇਜ਼ੀ ਭਾਸ਼ਾ ਸਿੱਖ ਜਾਂਦਾ ਹੈ।

ਇਕ ਮਜ਼ਬੂਤ ਖੋਜ ਸੰਸਥਾ ਹੈ ਜੋ ਇਹ ਦਰਸ਼ਾਉਂਦੀ ਹੈ ਕਿ ਆਪਣੀ ਪਹਿਲੀ ਭਾਸ਼ਾ ਜਾਂ ਬੋਲੀ 'ਚ ਮਜ਼ਬੂਤ ਬੁਨਿਆਦ ਵਾਲੇ ਸਿਖਿਆਰਥੀਆਂ ਦੀ ਵਧੇਰੇ ਛੇਤੀ ਅੰਗਰੇਜ਼ੀ ਸਿੱਖਣ ਅਤੇ ਸਕੂਲ 'ਚ ਵਧੇਰੀ ਕਾਮਯਾਬੀ ਹਾਸਲ ਕਰਨ ਦੀ ਸੰਭਾਵਨਾ ਹੁੰਦੀ ਹੈ। ਜੇਕਰ ਪਹਿਲੀ ਭਾਸ਼ਾ 'ਚ ਬੁਨਿਆਦ ਸਥਾਪਤ ਅਤੇ ਸਮਰਥਤ ਨਾ ਕੀਤੀ ਗਈ ਹੋਵੇ ਤਾਂ ਵਾਧੂ ਭਾਸ਼ਾ ਸਿੱਖਦੇ ਹੋਏ ਵਾਧੂ ਭਾਸ਼ਾ 'ਚ ਬੁਨਿਆਦ ਸਥਾਪਤ ਕਰਨਾ ਮੁਸ਼ਕਲ ਹੁੰਦਾ ਹੈ। ਤੁਹਾਡੇ ਬੱਚੇ ਦੀ ਮਾਂ ਬੋਲੀ 'ਚ ਉਸਦੀ ਬੁਨਿਆਦ ਸਥਾਪਤ ਅਤੇ ਸਮਰਥਤ ਕਰਨਾ ਅੰਗਰੇਜ਼ੀ ਭਾਸ਼ਾ ਦੇ ਉਸਦੇ ਗਿਆਨ ਅਤੇ ਹੁਨਰ ਦੇ ਸਫਲ ਵਿਕਾਸ ਲਈ ਜ਼ਰੂਰੀ ਹੈ।

## ਸਕੂਲ 'ਚ ਮੇਰੇ ਬੱਚੇ ਦੀ ਮਦਦ ਕਰਨਾ

ਜੇਕਰ ਤੁਹਾਡਾ ਬੱਚਾ ਅਜੇ ਵੀ ਅੰਗਰੇਜ਼ੀ 'ਚ ਬੋਲਣਾ, ਪੜ੍ਹਨਾ ਅਤੇ ਲਿੱਖਣਾ ਸਿੱਖ ਰਿਹਾ ਹੈ, ਤਾਂ ਉਸਨੂੰ ਵਾਧੂ ਭਾਸ਼ਾ ਜਾਂ ਬੋਲੀ ਦੇ ਰੂਪ 'ਚ ਅੰਗਰੇਜ਼ੀ (EAL/D) ਸਿਖਿਆਰਥੀ ਮੰਨਿਆ ਜਾਵੇਗਾ ਅਤੇ ਉਸਦੀ ਸਿਖਲਾਈ 'ਚ ਮਦਦ ਕਰਨ ਲਈ ਉਸਨੂੰ ਵਾਧੂ ਸਹਾਇਤਾ ਮੁਹੱਈਆ ਕੀਤੀ ਜਾਵੇਗੀ।

ਆਸਟ੍ਰੇਲੀਆਈ ਸਕੂਲਾਂ 'ਚ ਸਭ ਵਿਦਿਆਰਥੀ ਆਸਟ੍ਰੇਲੀਆਈ ਪਾਠਕ੍ਰਮ ਦੀ ਸਮੱਗਰੀ ਪੜ੍ਹਦੇ ਹਨ।

ਕਿਉਂਕਿ ਤੁਹਾਡਾ ਬੱਚਾ/ਤੁਹਾਡੀ ਬੱਚੀ ਉਸੇ ਸਮੇਂ ਅੰਗਰੇਜ਼ੀ ਸਿੱਖ ਰਿਹਾ/ਰਹੀ ਹੈ, ਉਹ ਨਵੀਂ ਸਮੱਗਰੀ ਸਿੱਖ ਰਿਹਾ/ਰਹੀ ਹੈ, ਉਸਦੀ ਅੰਗਰੇਜ਼ੀ ਦੀ ਮੁਹਾਰਤ ਦੇ ਪੱਧਰ ਨੂੰ ਸ਼ਾਮਲ ਕਰਨ ਲਈ ਉਸਦੀ ਸਿਖਲਾਈ ਦੇ ਕੰਮਾਂ ਨੂੰ ਸੋਧਿਆ ਗਿਆ ਹੈ। ਜਿਵੇਂ-ਜਿਵੇਂ ਉਹ ਵਧੇਰੀ ਅੰਗਰੇਜ਼ੀ ਸਿੱਖਦਾ ਜਾਵੇਗਾ, ਉਸਨੂੰ ਮਿਲਣ ਵਾਲੀ ਸਹਾਇਤਾ ਦੀਆਂ ਕਿਸਮਾਂ ਬਦਲਦੀਆਂ ਰਹਿਣਗੀਆਂ।

## ਘਰ ਦਾ ਕੰਮ

ਘਰ ਦੇ ਕੰਮ ਦੇ ਸਬੰਧ 'ਚ ਹਰ ਸਕੂਲ ਦੀ ਆਪਣੀ ਨੀਤੀ ਹੁੰਦੀ ਹੈ। ਘਰ ਦਾ ਕੰਮ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਕਲਾਸਰੂਮ ਸਿਖਲਾਈ ਨੂੰ ਮਜ਼ਬੂਤ ਬਣਾਉਣ, ਅਧਿਐਨ ਸਬੰਧੀ ਚੰਗੀਆਂ ਆਦਤਾਂ ਵਿਕਸਿਤ ਕਰਨ ਅਤੇ ਉਨ੍ਹਾਂ ਦੀ ਸਿਖਲਾਈ 'ਚ ਪਰਵਾਰ ਦੇ ਸਦੱਸਾਂ ਨੂੰ ਸ਼ਾਮਲ ਕਰਨ ਦੇ ਮੌਕੇ ਮੁਹੱਈਆ ਕਰਦਾ ਹੈ। ਜੇਕਰ ਤੁਹਾਡੇ ਬੱਚੇ ਨੂੰ ਉਸਦਾ ਘਰ ਦਾ ਕੰਮ ਸਮਝ ਨਹੀਂ ਆਉਂਦਾ, ਤਾਂ ਤੁਹਾਨੂੰ ਕਲਾਸ ਟੀਚਰ ਨਾਲ ਇਸ ਬਾਰੇ ਗੱਲ ਕਰਨੀ ਚਾਹੀਦੀ ਹੈ।

ਮਜ਼ੇ ਅਤੇ ਅਨੰਦ ਲਈ ਘਰ 'ਚ ਕਿਤਾਬਾਂ ਪੜ੍ਹਣੀਆਂ ਘਰ ਦੇ ਕੰਮ ਦੀ ਬਹੁਤ ਚੰਗੀ ਕਿਰਿਆ ਹੈ। ਤੁਸੀਂ ਆਪਣੇ ਬੱਚੇ ਨੂੰ ਕੁਝ ਪੜ੍ਹ ਕੇ ਸੁਣਾ ਸਕਦੇ ਹੋ, ਉਸਦੇ ਨਾਲ ਪੜ੍ਹ ਸਕਦੇ ਹੋ, ਜਾਂ ਉਹ ਆਪਣੇ ਆਪ ਪੜ੍ਹ ਸਕਦਾ ਹੈ। ਕਿਤਾਬਾਂ ਅੰਗਰੇਜ਼ੀ ਜਾਂ ਤੁਹਾਡੀ ਮਾਂ ਬੋਲੀ 'ਚ ਹੋ ਸਕਦੀਆਂ ਹਨ ਅਤੇ ਸਕੂਲ ਦੀ ਲਾਇਬ੍ਰੇਰੀ ਜਾਂ ਸਥਾਨਕ ਕੌਂਸਲ ਲਾਇਬ੍ਰੇਰੀ ਤੋਂ ਮੁਫ਼ਤ ਲਈਆਂ ਜਾ ਸਕਦੀਆਂ ਹਨ।